ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪਿ ਲਏ ਮਿਲਾਇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਨ ਸੇਵਕ

ਸੰਤ ਗੁਰਮੁੱਖ ਸਿੰਘ ਜੀ

ਸੰਨ 1924-2013 ਈਸਵੀ

ਸੇਵਕ ਹਰਪਾਲ ਸਿੰਘ

Namdhari Elibrary NamdhariElibrary@gmail.com



ਸ੍ਰੀ ਭੈਣੀ ਸਾਹਿਬ, ਨਾਮ-ਸਿਮਰਨ ਜੱਪ-ਪ੍ਰਯੋਗ ਸਮੇਂ ਸ੍ਰੀ ਸਤਿਗੁਰੂ ਜੀ ਦੇ ਪਿਛੇ ਹਜੂਰੀ ਸੇਵਕ ਰਛਪਾਲ ਸਿੰਘ ਅਤੇ ਕਾਕਾ ਜੈ ਸਿੰਘ



ਕਾਕਾ ਜੈ ਸਿੰਘ ਬਾਰੇ ਸ੍ਰੀ ਸਤਿਗੁਰੂ ਜੀ ਦੇ ਹਸਤ-ਲਿਖਤ ਬਚਨ

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੀਆਂ

ਅਪਾਰ ਬਖਸ਼ਿਸ਼ਾਂ ਦੇ ਪਾਤਰ

ਇਕ ਆਦਰਸ਼ ਗੁਰਸਿੱਖ

ਸੰਤ ਗੁਰਮੁਖ ਸਿੰਘ ਜੀ

ਸਤਿਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਅਧਿਆਤਮ ਵਾਦ ਨੂੰ ਪਹਾੜਾਂ ਦੀਆਂ ਖੁੰਦਰਾਂ ਅਤੇ ਜੰਗਲਾਂ ਬੇਲਿਆਂ ਚੋਂ ਕੱਢਕੇ ਗ੍ਰਿਸਤ-ਜੀਵਨ ਵਿਚ ਲਿਆਂਦਾ। ਰੱਬ ਨੂੰ ਮਿਲਣ ਦਾ ਕਿੰਨਾ ਸਰਲ ਅਤੇ ਸਪਸ਼ਟ ਮਾਰਗ ਆਪ ਨੇ ਦੱਸਿਆ :-

ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

ਸੱਚੀ-ਸੁੱਚੀ ਕਿਰਤ ਕਰਨੀ, ਵੰਡ ਕੇ ਖਾਣਾ ਅਤੇ ਨਾਮ ਜੱਪਣਾ ਗੁਰੂ ਨਾਨਕ ਮੱਤ ਦੇ ਮੁੱਢਲੇ ਸਿਧਾਂਤ ਹਨ। ਘਰ ਪ੍ਰਵਾਰ ਵਿੱਚ ਸਾਰੇ ਫਰਜ਼ ਨਿਭਾਉਂਦਿਆਂ ਹੋਇਆ ਵੀ ਨਿਰਲੇਪ ਰਹਿਣਾ, ਖੁਸ਼ੀ-ਗਮੀ, ਸੁਖ-ਦੁਖ, ਮਾਨ-ਅਪਮਾਨ ਦਾ ਮਨ ਤੇ ਅਸਰ ਨਾ ਹੋਣਾ। ਸਤਿਗੁਰੂ ਤੇਗ ਬਹਾਦੁਰ ਜੀ ਪੂਰਨ ਗੁਰਸਿੱਖ ਦੀ ਉਚ ਮਨੋ ਅਵਸਥਾ ਦਾ ਬੜਾ ਭਾਵ ਪੂਰਤ ਵਰਨਣ ਕਰਦੇ ਹਨ -

ਸੋਰਠਿ ਮ: ੯

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ ॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥

ਜਲ ਵਿੱਚ ਕਮਲ ਫੁੱਲ ਦੀ ਤਰ੍ਹਾਂ ਨਿਰਲੇਪ ਰਹਿਣ ਵਾਲੇ ਸਿੱਖ ਨੂੰ ਗੁਰਬਾਣੀ ਵਿੱਚ ਗੁਰਮੁਖ ਦਾ ਦਰਜਾ ਦਿੱਤਾ ਗਿਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Namdhari Elibrary NamdhariElibrary@gmail.com

ਦੇ ਪ੍ਰਵਚਨਾਂ ਵਿੱਚ ਰਿਕਾਰਡ ਹੈ -

"ਗੁਰੂ ਦੇ ਹੁਕਮ ਨੂੰ ਮੁਖ ਰੱਖਣ ਵਾਲਾ ਗੁਰਮੁਖ ਅਤੇ ਮਨ ਦੇ ਮਗਰ ਲੱਗਣ ਵਾਲਾ ਮਨਮੁਖ । ਇਸ ਦੀ ਏਨੀ ਹੀ ਵਿਆਖਿਆ ਹੈ ।"

ਸਤਿਗੁਰੂ ਅਮਰਦਾਸ ਸੱਚੇ ਪਾਤਸ਼ਾਹ ਫੁਰਮਾਉਂਦੇ ਹਨ -

ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ ॥
ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ ॥

ਅਜੇਹੇ ਹੀ ਵਡਭਾਗੇ ਗੁਰਸਿੱਖ ਸਨ - ਸੰਤ ਗੁਰਮੁਖ ਸਿੰਘ ਜੀ, ਜਿਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨੂਰੀ ਦਰਸ਼ਨਾਂ ਦਾ ਅਨੰਦ ਮਾਣਿਆ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਸਰਨ ਵਿੱਚ ਅਨੇਕਾਂ ਕੌਤਕ ਵੇਖੇ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕੰਵਲਾਂ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ । ਤਿੰਨਾਂ ਪਾਤਸ਼ਾਹੀਆਂ ਨਾਲ ਸਿੱਖ ਦੀ ਪ੍ਰਤੀਤ-ਪ੍ਰੀਤ ਅੰਤਮ ਸ੍ਵਾਸਾਂ ਤੱਕ ਨਿਭ ਗਈ ।

ਸੰਤ ਗੁਰਮੁਖ ਸਿੰਘ ਜੀ ਦਾ ਜਨਮ ਪਿਤਾ ਸੰਤ ਸੁੰਦਰ ਸਿੰਘ ਅਤੇ ਮਾਈ ਨਰਾਤੀ ਦੇ ਗ੍ਰਹਿ ਵਿਖੇ 20 ਨਵੰਬਰ, 1924 ਈ: ਨੂੰ ਪਿੰਡ 22 ਚੱਕ 'ਜੜ੍ਹਾਂਵਾਲ' ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ । ਦਸਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਵੇਲੇ ਦੀ ਇਸ ਪਰਿਵਾਰ ਵਿੱਚ ਸਿੱਖੀ ਹੈ । ਆਪਦੇ ਦਾਦਾ ਸੰਤ ਅਤਰ ਸਿੰਘ ਬੜੇ ਸਾਧੂ ਸੁਭਾ ਦੇ ਭਜਨੀਕ ਗੁਰਸਿੱਖ ਸਨ । ਸੰਤ ਅਤਰ ਸਿੰਘ ਦੇ ਦੋ ਪੁੱਤ੍ਰ ਸੁੰਦਰ ਸਿੰਘ ਅਤੇ ਹਰਨਾਮ ਸਿੰਘ ਸਨ । ਛੋਟੇ ਹਰਨਾਮ ਸਿੰਘ ਬਿਹੰਗਮ ਹੀ ਰਹੇ । ਸੁੰਦਰ ਸਿੰਘ ਜੀ ਦੇ ਛੇ ਪੁਤ੍ਰ : ਸ੍ਰ. ਸੰਤੋਖ ਸਿੰਘ, ਸ੍ਰ. ਅਮਰ ਸਿੰਘ, ਸ੍ਰ. ਕਰਤਾਰ ਸਿੰਘ, ਸ੍ਰ. ਉਤਮ ਸਿੰਘ, ਸ੍ਰ. ਗੁਰਮੁਖ ਸਿੰਘ ਅਤੇ ਸ੍ਰ. ਸਾਧੂ ਸਿੰਘ ਸਨ । ਜੜ੍ਹਾਂ ਵਾਲੇ ਸੰਤ ਸੁੰਦਰ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਸਨ । ਅਟੱਲ ਪ੍ਰਤਾਪੀ ਜੀ ਦਾ ਲਾਇਲਪੁਰ ਦੌਰਾ ਹੋਣਾ ਤਾਂ ਸੰਤ ਸੁੰਦਰ ਸਿੰਘ ਜੀ ਨੂੰ ਘਰ ਪ੍ਰਵਾਰ ਦੇ ਕੰਮ ਵਿਸਰ ਜਾਣੇ ਸਤਿਗੁਰਾਂ ਦੀ ਸੇਵਾ ਮਨੋ ਤਨੋ ਕਰਨੀ । ਵੱਡੇ ਪ੍ਰਤਾਪ ਵਾਲੇ ਸਤਿਗੁਰਾਂ ਨੇ ਬੜੇ ਵਰਦਾਨ ਬਖਸ਼ੇ । "ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ" - ਗੁਰਵਾਕ ਸਾਕਾਰ ਹੋਇਆ । 'ਸੰਤ ਇੰਜੀਨੀਅਰਿੰਗ' ਨਾਮ ਦੀ ਫੈਕਟਰੀ ਸ਼ੁਰੂ ਕੀਤੀ । ਆਰਾ ਮਸ਼ੀਨਾਂ ਬਨਾਉਣ ਕਰਕੇ ਇਸ ਫੈਕਟਰੀ ਦਾ ਬੜਾ ਨਾਮ ਹੋਇਆ । ਸੰਤ ਗੁਰਮੁਖ ਸਿੰਘ ਜੀ ਦੇ ਵੱਡੇ ਭਰਾ ਸੰਤ ਅਮਰ ਸਿੰਘ ਵੀ ਬੜੇ ਭਜਨੀਕ ਸਿੰਘ ਸਨ । ਜੜ੍ਹਾਂ ਵਾਲੇ ਪਾਕਿਸਤਾਨ ਵਿੱਚ ਇਕ ਜਗ੍ਹਾ ਸੀ, ਕੋਈ ਇਹ ਜਗ੍ਹਾ ਲੈਂਦਾ ਨਹੀਂ ਸੀ ਕਿ ਏਥੇ ਭੂਤਾਂ-ਪ੍ਰੇਤਾਂ ਦਾ ਵਾਸਾ ਹੈ । ਸੰਤ ਸੁੰਦਰ ਸਿੰਘ ਪ੍ਰਵਾਰ ਨੇ ਇਹ ਜਗ੍ਹਾ ਲੈ ਲਈ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮੇਲਾ ਕਰਵਾਇਆ । ਵਾਰਾ ਲੱਗਿਆ ਹੱਲੇ ਦੇ ਦੀਵਾਨ ਸੱਜੇ, ਫੇਰ ਉਥੇ ਭੂਤ-ਪ੍ਰੇਤ ਕਿੱਥੇ.....। 'ਜਿਥੇ ਢੋਲਕ ਛੈਣੇ ਖੜਕਣ ਉਹ ਘਰ ਕੂਕਿਆਂ ਦਾ' - ਇਹ ਜਗ੍ਹਾ

Namdhari Elibrary NamdhariElibrary@gmail.com

ਜਿਥੋਂ ਲੋਕ ਡਰਦੇ ਸੀ, ਇਲਾਹੀ ਬਾਣੀ ਦੀਆਂ ਧੁਨਾਂ ਗੂੰਜਨ ਲੱਗੀਆਂ । ਲੋਕ ਆਉਂਦੇ, ਦੀਵਾਨ ਸੁਣਦੇ ਅਤੇ 'ਧੰਨ ਗੁਰੂ ਤੇ ਧੰਨ ਗੁਰੂ ਦੇ ਸਿੱਖ' - ਆਖਦੇ ਜਾਂਦੇ ।

ਸੰਤ ਅਮਰ ਸਿੰਘ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਉਪਦੇਸ਼ਾਂ ਵਿੱਚ ਜਿਕਰ ਹੈ ਕਿ ਸੰਤਾਂ ਦਾ ਅੰਮ੍ਰਿਤ ਵੇਲੇ 1 ਵਜੇ ਦਾ ਇਸ਼ਨਾਨ ਅਤੇ ਸੂਰਜ ਚੜ੍ਹਦੇ ਤੱਕ ਨਾਮ-ਸਿਮਰਨ, ਪੱਕਾ ਨੇਮ ਸੀ । ਜਦੋਂ ਅਖੀਰ ਢਿੱਲੇ ਹੋਏ ਦਿੱਲੀ ਹਸਪਤਾਲ ਵਿੱਚ ਸਨ, ਅਪ੍ਰੇਸ਼ਨ ਠੀਕ ਹੋ ਗਿਆ । ਦੋ ਚਾਰ ਦਿਨਾਂ 'ਚ ਛੁਟੀ ਮਿਲਣੀ ਸੀ, ਨਰਸਾਂ, ਡਾਕਟਰਾਂ ਨੂੰ ਆਖਿਆ ਕਿ ਮੇਰਾ ਤੁਹਾਡਾ ਹਿਸਾਬ ਮੁੱਕ ਗਿਆ ਹੈ । ਮੇਰੇ ਸਤਿਗੁਰਾਂ ਦਾ ਹੁਕਮ ਹੈ ਮੈਂ 20 ਦਿਸੰਬਰ 2 ਵੱਜ ਕੇ ਵੀਹ ਮਿੰਟ ਅਤੇ 20 ਸੈਕਿੰਡ ਤੇ ਝੜਾਈ ਕਰਨਾ ਹੈ । ਸਾਰੇ ਪ੍ਰਵਾਰ ਦੇ ਜੀਆਂ ਨੂੰ ਸਿੱਖਿਆ ਦੇ ਸੰਤ ਦੱਸੇ ਵਕਤ ਅਨੁਸਾਰ ਝੜਾਈ ਕੀਤੇ ।

ਪਾਕਿਸਤਾਨ ਬਨਣ ਤੋਂ ਪਹਿਲਾਂ ਅਟੱਲ ਪ੍ਰਤਾਪੀ ਸਤਿਗੁਰੂ ਜੀ ਨੇ ਉਧਰੋਂ ਨਿਕਲ ਆਉਣ ਦਾ ਹੁਕਮ ਕੀਤਾ । ਪਰ ਵਿਹਾਰਾਂ ਵਿੱਚ ਰੁੱਝੇ, ਨਿਕਲ ਨਾ ਸੱਕੇ । ਸਿਤੰਬਰ 1947 ਈ: 'ਚ ਆਏ । ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਅੰਮ੍ਰਿਤਸਰ ਸਨ । ਆਇਆਂ ਸਿੱਖਾਂ ਨੂੰ ਸੰਭਾਲਨ ਲਈ - ਗ਼ੀਬ ਨਿਵਾਜ ਬਚਨ ਕੀਤਾ "ਮੈਨੂੰ ਬੜੀ ਚਿੰਤਾ ਸੀ, ਜੜ੍ਹਾਂ ਵਾਲਿਓ ਆ ਗਏ ਓ ਸਾਰੇ ਬਚ ਕੇ ।

"ਸੱਚੇ ਪਾਤਸ਼ਾਹ ਜਿਹਦੀ ਤੁਸੀਂ ਚਿੰਤਾ ਕਰੋ ਉਸਦਾ ਕੌਣ ਕੁਝ ਵਿਗਾੜ ਸਕਦਾ ਹੈ"- ਸੰਤ ਸੁੰਦਰ ਸਿੰਘ ਹੁਰਾਂ ਅਰਜ ਕੀਤੀ ।

"ਕੁਝ ਲਿਆਏ ਵੀ ਓ ਕਿ ਖਾਲੀ ਹੱਥੀਂ ਆਏ ਓ" - ਸੱਚੇ ਪਾਤਸ਼ਾਹ ਜੀ ਪੁੱਛਿਆ ।

"ਗ਼ੀਬ ਨਿਵਾਜ, ਜੀਅ ਹੀ ਬਚ ਕੇ ਆਏ ਹਨ ।

"ਕੋਈ ਚਿੰਤਾਂ ਨਹੀਂ ਕਰਨੀ, ਦੋ ਸਾਲਾਂ 'ਚ ਪਾਕਿਸਤਾਨ ਭੁਲਾ ਦਿਆਂਗੇ । ਏਥੇ ਵੀ ਲਹਿਰਾਂ-ਬਹਿਰਾਂ ਹੋ ਜਾਣਗੀਆਂ ।" ਵੱਡੇ ਪ੍ਰਤਾਪ ਵਾਲਿਆਂ ਵੱਡਾ ਧੀਰਜ ਬਖਸ਼ਿਆ । ਜੜ੍ਹਾਂ ਵਾਲੀਏ ਪ੍ਰਵਾਰ ਜਲੰਧਰ, ਲੁਧਿਆਣੇ ਆ ਕੇ ਵੱਸ ਗਏ । ਸੁੰਦਰ ਨਗਰ, ਪ੍ਰਤਾਪ ਨਗਰ ਏਸੇ ਪ੍ਰਵਾਰ ਦੀਆ ਕਟੀਆਂ ਹੋਈਆ ਕਲੋਨੀਆ ਹਨ । ਲੁਧਿਆਣੇ ਵਿੱਚ 'ਪ੍ਰਤਾਪ ਇੰਡਸਟਰੀਜ਼' ਨਾਮ ਦੀ ਫਰਮ ਸ਼ੁਰੂ ਕੀਤੀ । ਅੱਜ ਹੋਰ, ਕੱਲ ਹੋਰ ਲਹਿਰਾਂ ਬਹਿਰਾਂ ਹੋ ਗਈਆਂ । ਸਤਿਗੁਰੂ ਪ੍ਰਤਾਪ ਸਿੰਘ ਜੀ ਕਈ ਵੇਰ ਬਚਨ ਕਰਨਾ - ਤੁਹਾਡੇ ਪ੍ਰਵਾਰ ਨੂੰ ਦੋ ਸ਼ਹੀਦ ਸਿੰਘ ਦਿੱਤੇ ਹਨ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ 1959 ਈ: ਅਗਸਤ ਮਹੀਨੇ 'ਚ ਜੋਤੀ ਜੋਤ ਸਮਾ ਗਏ । ਆਪ ਦੇ ਵੱਡੇ ਸਾਹਿਬਜ਼ਾਦੇ, ਵੱਡੇ ਬਾਬਾ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ 'ਚ ਗੁਰਗੱਦੀ ਤੇ ਸੁਭਾਇਮਾਨ ਹੋਏ । ਜੜ੍ਹਾਂ ਵਾਲੇ ਪ੍ਰਵਾਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸਦਾ ਭਰਪੂਰ ਮੇਹਰਾਂ ਬਰਸਦੀਆਂ ਰਹੀਆਂ ।

Namdhari Elibrary NamdhariElibrary@gmail.com

ਸ੍ਰ. ਗੁਰਮੁਖ ਸਿੰਘ ਦਾ ਅਨੰਦ ਕਾਰਜ ਬੀਬੀ ਮਹਿੰਦਰ ਕੌਰ ਨਾਲ ਹੋਇਆ। ਆਪ ਦੇ ਗ੍ਰਹਿ ਤਿੰਨ ਪੁਤ੍ਰ ਹੋਏ - ਸ੍ਰ. ਸ਼ਰਨਜੀਤ ਸਿੰਘ, ਸ੍ਰ. ਜਸਜੀਤ ਸਿੰਘ ਅਤੇ ਸ੍ਰ. ਕਮਲਜੀਤ ਸਿੰਘ ਅਤੇ ਵੱਡੀ ਪੁਤ੍ਰੀ ਬੀਬੀ ਅਜੀਤ ਕੌਰ।

1968 ਈ: 'ਚ ਹੋਲਾ ਮਹੱਲਾ ਲੁਧਿਆਣੇ ਵਿਖੇ ਸੰਗਤ ਵਲੋਂ ਕਰਵਾਇਆ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤ ਗੁਰਮੁਖ ਸਿੰਘ ਜੀ ਨੂੰ ਪ੍ਰਧਾਨ ਦੀ ਸੇਵਾ ਬਖਸ਼ੀ - ਇਹ ਜ਼ਿੰਮੇਵਾਰੀ ਆਪ ਨੇ ਬਾਖੂਬੀ ਨਿਭਾਈ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੇ। ਆਪ ਦੇ ਛੋਟੇ ਭਾਈ ਸ੍ਰ. ਸਾਧੂ ਸਿੰਘ ਜੀ (ਜਲੰਧਰ ਵਾਲੇ) ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਨ ਪਿਆਰੇ ਸਿਖਾਂ ਵਿਚੋਂ ਸਨ।

ਜਸਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਹੁਤ ਕਿਰਪਾ ਕਰਿਆ ਕਰਦੇ ਸਨ। ਕਈ ਵੇਰ ਘਰ ਡੇਰਾ ਵੀ ਰੱਖਿਆ। ਪਿਤਾ ਜੀ ਨੇ ਖੂਹੀ ਲਵਾਈ ਪਰ ਪਾਣੀ ਕੌੜਾ ਨਿਕਲਿਆ। ਸਤਿਗੁਰੂ ਸੱਚੇਪਾਤਸ਼ਾਹ ਘਰ ਚਰਨ ਪਾਏ। ਪਿਤਾ ਜੀ (ਸ੍ਰ. ਗੁਰਮੁਖ ਸਿੰਘ) ਨੇ ਅਰਜ਼ ਕੀਤੀ - "ਗ੍ਰੀਬ ਨਿਵਾਜ ਬੜੀ ਮੇਹਨਤ ਨਾਲ ਖੂਹੀ ਲਾਈ ਹੈ ਪਰ ਪਾਣੀ ਕੌੜਾ ਹੈ ਕਿਰਪਾ ਕਰੋ।" ਸ੍ਰੀ ਸਤਿਗੁਰੂ ਜੀ ਨੇ ਹਜੂਰੀ ਸੇਵਕ ਸੰਤ ਬਲਕਾਰ ਸਿੰਘ ਨੂੰ ਹੁਕਮ ਕੀਤਾ ਕਿ ਗੜਵੇ ਨਾਲ ਖੂਹੀ 'ਚੋਂ ਜਲ ਕੱਢੋ, ਛੱਕ ਕੇ ਵੇਖਦੇ ਹਾਂ। ਗ੍ਰੀਬ ਨਿਵਾਜ ਨੇ ਜਲ ਦਾ ਚੁਲਾ ਛਕਿਆ ਅਤੇ ਬਚਨ ਕੀਤਾ, "ਮਿੱਠੇ ਦਾ ਸੁਆਦ ਆਉਂਦਾ ਹੈ।

"ਗ੍ਰੀਬ ਨਿਵਾਜ, ਪਾਣੀ ਕੌੜਾ ਹੈ।" ਗੁਰਮੁਖ ਸਿੰਘ ਨੇ ਅਰਜ ਕੀਤੀ। ਸੱਚੇ ਪਾਤਸ਼ਾਹ ਫੇਰ ਜਲ ਦਾ ਚੁਲਾ ਛਕਿਆ ਤੇ ਬਚਨ ਕੀਤਾ ਮਿੱਠੇ ਦਾ ਸੁਆਦ ਔਂਦਾ ਹੈ। ਇਸ ਤਰ੍ਹਾਂ ਤਿੰਨ ਚੁਲੇ ਛਕੇ ਅਤੇ ਤਿੰਨੇ ਵਾਰ ਇਹੋ ਬਚਨ ਕੀਤਾ। ਹਜੂਰੀ ਸੇਵਕ ਸੰਤ ਬਲਕਾਰ ਸਿੰਘ ਨੇ ਇਸ਼ਾਰਾ ਕਰਕੇ ਗੁਰਮੁਖ ਸਿੰਘ ਹੁਰਾਂ ਨੂੰ ਚੁੱਪ ਕਰਨ ਲਈ ਕਿਹਾ ਕਿ ਕਿਰਪਾ ਹੋ ਗਈ ਹੈ ਹੁਣ ਬਚਨ ਨਾ ਕੱਟਿਓ। ਐਸੀ ਬਖਸ਼ਿਸ਼ ਹੋਈ ਕਿ ਉਸੇ ਦਿਨ ਤੋਂ ਪਾਣੀ ਏਨਾਂ ਵਧੀਆ ਹੋ ਗਿਆ ਕਿ ਜੇਹੜਾ ਪਾਣੀ ਜੀਭ ਤੇ ਨਹੀਂ ਸੀ ਧਰਿਆ ਜਾਂਦਾ - ਫੇਰ ਸਾਰਾ ਮੁਹੱਲਾ ਕਿੰਨੇ ਵਰ੍ਹੇ ਏਸ ਖੂਹੀ ਤੋਂ ਪਾਣੀ ਭਰਦਾ ਰਿਹਾ। ਐਸੇ ਐਸੇ ਕੌਤਕ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਆਰੇ ਗੁਰਮੁਖ ਸਿੰਘ ਨਾਲ ਕੀਤੇ।

1977 ਈ: 'ਚ ਸੰਤ ਗੁਰਮੁਖ ਸਿੰਘ ਨੇ ਉਤਰ ਪ੍ਰਦੇਸ਼ ਵਿਖੇ ਗੜ੍ਹ ਮੁਤਤੇਸ਼੍ਰਰ (ਗੜ੍ਹ ਗੰਗਾ) ਜਾ ਜਮੀਨ ਖਰੀਦੀ। ਆਪ ਦਾ ਵਿਚਕਾਰਲਾ ਲੜਕਾ ਜਸਜੀਤ ਸਿੰਘ ਵੀ ਨਾਲ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 2 ਵੇਰ ਇਸ ਫਾਰਮ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ - 'ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ'। ਇਕਰਾਰ ਦੇ ਪਾਲਕ ਸਤਿਗੁਰੂ ਜੀ ਨੇ ਪਹਿਲੀ ਵੇਰ

Namdhari Elibrary NamdhariElibrary@gmail.com

ਕਿਵੇਂ ਜਾ ਕੇ ਲੱਭਿਆ ਸੰਤ ਗੁਰਮੁਖ ਸਿੰਘ ਦਾ ਫਾਰਮ ਅਤੇ ਕਿਵੇਂ ਸਿੱਖ ਬਾਗੋ-ਬਾਗ ਹੋਇਆ ਮਸਤਾਨਾ ਹੀ ਹੋ ਗਿਆ - ਜਿਉਂ ਵਰ੍ਹਿਆਂ ਦੀਆਂ ਔੜਾਂ ਅੰਦਰ ਮੇਘ ਮਿਹਰ ਵੱਸ ਜਾਏ ।" ਇਹ ਘਟਨਾ ਸ੍ਰ. ਅਜੀਤ ਸਿੰਘ ਲਾਇਲ ਦੀ ਲਿਖੀ 2010 ਈ: ਦੇ ਸਤਿਜੁਗ ਦੇ ਸਲਾਨਾ ਅੰਕ ਵਿੱਚ ਛਪੀ ਨੂੰ ਜਿਉਂ ਦਾ ਤਿਉਂ ਸੰਗਤਾਂ ਦੇ ਦ੍ਰਿਸ਼ਟੀ ਗੋਚਰ ਕਰਦੇ ਹਾਂ -

"ਪ੍ਰਤਿਪਾਲੈ ਨਿਤ ਸਾਰਿ ਸਮਾਲੈ"

ਪ੍ਰੀਤਾਂ ਦੇ ਪੈਗੰਬਰ ਤੇ ਮੁਹੱਬਤਾਂ ਦੇ ਸੁਦਾਗਰ, ਸਤਿਗੁਰੂ ਜਗਜੀਤ ਸਿੰਘ ਜੀ, ਉਸ ਸਰਬੰਗੀ ਸ਼ਖਸੀਅਤ ਦੇ ਮਾਲਕ ਹਨ, ਜਿਸ ਗੁਰਬਾਣੀ ਦੀ ਇਸ ਤੁਕ "ਨਾ ਕੋ ਬੈਰੀ ਨਾਹਿ ਬੇਗਾਨਾ" ਨੂੰ ਸੱਚ ਕਰਕੇ ਵਿਖਾਇਆ ਹੈ । ਹਜ਼ੂਰ ਪਾਤਸ਼ਾਹ ਨੇ ਸਮੂਹ ਨਾਮਧਾਰੀ ਸਮਾਜ ਦੀ ਇੱਕ ਪਰਵਾਰ ਵਾਂਗ ਸਾਂਭ ਸੰਭਾਲ ਕੀਤੀ ਹੈ । ਕਿਸੇ ਨੂੰ ਤਨ ਦਾ ਦੁਖ ਹੈ, ਉਸ ਨੂੰ ਸਾਂਭਿਆ ਹੈ । ਕਿਸੇ ਨੂੰ ਧਨ ਪਦਾਰਥ ਦੀ ਤੋਟ ਆਈ ਹੈ, ਤਾਂ ਉਸਦੀ ਸਾਰ ਲਈ ਹੈ । ਦੂਰ ਦੁਰਾਡੇ ਬੈਠੇ ਸਿੱਖਾਂ ਸੇਵਕਾਂ ਤੱਕ ਲੰਬਾਂ ਪੈਂਡਾ ਝਾਕ ਕੇ ਬੇ-ਅਰਾਮੀ ਨੂੰ ਮਹਿਸੂਸ ਨਾ ਕਰਦਿਆਂ ਉਸ ਤੱਕ ਪਹੁੰਚ ਕੀਤੀ ਤੇ ਸਾਰ ਲਈ ।

ਮਾਰਚ 1978 ਈ: ਦਾ ਇਕ ਵਾਕਿਆ ਹੈ । ਪਾਤਸ਼ਾਹ ਜੀ ਉਤਰ ਪ੍ਰਦੇਸ਼ ਦੇ ਦੌਰੇ ਤੇ ਸਿੱਖ ਸੇਵਕਾਂ ਨਾਲ ਦਰਸ਼ਨ ਦਿਦਾਰੇ ਦੇ ਰਹੇ ਸਨ । ਅਮਰੋਹੇ ਨੂੰ ਅਲਵਿਦਾ ਕਹਿ ਦਿੱਲੀ ਨੂੰ ਚਾਲੇ ਪਾਏ । ਜਿਉਂ ਹੀ ਹਜ਼ੂਰ ਦੀ ਗੱਡੀ ਗੜ੍ਹਮੁਕਤੇਸ਼ੂਰ ਪੁੱਜੀ, ਕੁਝ ਪੰਜਾਬੀ ਸਰਦਾਰਾਂ ਦੀਆਂ ਦੁਕਾਨਾਂ ਵੇਖ ਪਾਤਸ਼ਾਹ ਜੀ ਨੇ ਗੱਡੀ ਰੋਕਣ ਦਾ ਹੁਕਮ ਕੀਤਾ । ਸੇਵਕ ਨੂੰ ਆਖਿਆ ਜੜ੍ਹਾਂਵਾਲੀਏ ਗੁਰਮੁਖ ਸਿੰਘ ਦਾ ਪਤਾ ਕਰੋ । ਪੂਰਾ ਪਤਾ ਨਹੀਂ ਚੱਲ ਸਕਿਆ । ਹੁਕਮ ਹੋਇਆ ਟਰੈਕਟਰ ਰਿਪੇਅਰ ਦੀਆਂ ਦੁਕਾਨਾਂ ਦਾ ਪਤਾ ਕਰੋ ? ਪਤਾ ਕੀਤਾ । ਦੱਸੀ ਦਿਸ਼ਾ ਵੱਲ ਗੱਡੀ ਰਵਾਨਾ ਹੋਈ । ਟਰੈਕਟਰ ਮਕੈਨਿਕਾਂ ਦੀਆਂ ਦੁਕਾਨਾਂ ਵੇਖਦਿਆਂ ਇਕ ਪੰਜਾਬੀ ਦੀ ਗੈਰਜ ਅੱਗੇ ਰੁਕਣ ਦਾ ਹੁਕਮ ਹੋਇਆ । ਪਤਾ ਕੀਤਾ । ਪਤਾ ਚੱਲ ਗਿਆ ਸੀ । ਡਰਾਈਵਰ ਨੂੰ ਹੁਕਮ ਕੀਤਾ ਕਿ ਨਿਜੀ ਸੇਵਕ ਨਾਲ ਜਾ ਕੇ ਬੜੇ ਧਿਆਨ ਨਾਲ ਤੇ ਸਹਿਜਤਾ ਨਾਲ ਪੁੱਛ ਕੇ ਸਮਝ ਦੇ ਆਉ ।

ਨਵੀਂ ਨਕੋਰ ਮਰਸਡੀਜ਼ ਬਿਖੜੇ ਰਾਹਾਂ ਤੇ ਚੱਲਣ ਲਈ ਤਿਆਰ ਸੀ । ਤਿੰਨ ਕੁ ਕਿਲੋਮੀਟਰ ਚੱਲ ਕੇ ਪੱਕੀ ਸੜਕ ਨੇ ਸਾਥ ਛੱਡ ਦਿੱਤਾ । ਰੋੜੀ ਵਿਛੀ ਸੜਕ ਵੀ ਦੋ ਕਿਲੋਮੀਟਰ ਸਾਥ ਨਿਭਾ ਕੇ ਸਾਥ ਛੱਡ ਗਈ । ਅੱਗੇ ਆ ਗਿਆ ਕਾਹੀ, ਕਾਨਿਆਂ ਦੇ ਵਿਚੋਂ ਦੀ ਲੰਘਦਾ ਚਿੱਕੜ ਟੋਇਆਂ ਦਾ ਰਸਤਾ । ਹਜ਼ੂਰ ਦੇ ਹੁਕਮ ਅਨੁਸਾਰ ਹਜ਼ੂਰੀ ਡਰਾਈਵਰ ਪੁੱਛਦਾ ਪੁਛਾਂਦਾ ਗੁਰਮੁਖ ਸਿੰਘ ਜੜ੍ਹਾਂਵਾਲੇ ਦੇ ਫਾਰਮ ਵੱਲ ਤੁਰਿਆ ਜਾ ਰਿਹਾ ਸੀ । ਅੱਜ ਆਪਣੇ ਪਿਆਰੇ ਸਿੱਖ ਨੂੰ ਦਰਸ਼ਨ ਦੇ ਕੇ

Namdhari Elibrary NamdhariElibrary@gmail.com

ਨਿਵਾਜਣ ਦੀ ਤਾਂਘ ਬੜੀ ਪ੍ਰਬਲ ਮਹਿਸੂਸ ਹੋ ਰਹੀ ਸੀ। ਬਿਖੜੇ ਰਾਹਾਂ ਚੋਂ ਲੰਘਦੀ ਗੱਡੀ, ਗੰਗਾ ਦੇ ਕੰਢੇ ਜਾ ਰੁਕੀ। ਡਰਾਈਵਰ ਨੇ ਅਰਜ਼ ਕੀਤੀ :

ਪਾਤਸ਼ਾਹ ਜੀ ਅੱਗੇ ਤਾਂ ਰਸਤਾ ਹੀ ਖਤਮ ਹੈ : ਗੰਗਾ ਵਗ ਰਹੀ ਏ।

"ਚਲੋ ਫਿਰ ਇਸ਼ਨਾਨ ਕਰ ਲੈਂਦੇ ਹਾਂ।" ਪਾਤਸ਼ਾਹ ਜੀ ਨੇ ਬਚਨ ਕੀਤਾ। ਚਿੱਕੜ ਗਾਰੇ ਨਾਲ ਲਿਬੜੀ ਮਰਸਡੀਜ਼ ਚੋਂ ਹਜ਼ੂਰ ਬਾਹਰ ਨਿਕਲੇ, ਆਲੇ ਦੁਆਲੇ ਨੂੰ ਨਿਹਾਰਨ ਲੱਗੇ।

ਗੜ੍ਹਮੁਕਤੇਸ਼੍ਰਰ ਤੋਂ ਪਿੱਛਾ ਕਰਦੇ ਦੋ ਟਰੈਕਟਰ ਸਵਾਰਾਂ ਨੇ ਜਦੋਂ ਪਾਤਸ਼ਾਹ ਜੀ ਨੂੰ ਵੇਖਿਆ ਤਾਂ ਟਰੈਕਟਰ ਰੋਕ ਛਾਲਾਂ ਮਾਰ ਚਰਨ ਪਰਸਨ ਨੂੰ ਵਾਹੋ ਦਾਹੀ ਭੱਜ ਪਏ। ਸ੍ਰੀ ਸਤਿਗੁਰੂ ਜੀ ਦੇ ਅੰਦਰ ਗੁਰਮੁਖ ਸਿੰਘ ਦੀ ਕਸ਼ਿਸ਼ ਸੀ ਜਾਂ ਗੁਰਮੁਖ ਸਿੰਘ ਅੰਦਰ ਦਰਸ਼ਨਾਂ ਦੀ ਤਾਂਘ ਕਿ ਪਾਤਸ਼ਾਹ ਜੀ ਨੇ ਆਪਣੇ ਉਲੀਕੇ ਪ੍ਰੋਗਰਾਮ ਤੋਂ ਬੇ-ਪਰਵਾਹ ਹੋ ਇਨ੍ਹਾਂ ਬਿਖੜੇ ਰਾਹਾਂ ਤੇ ਆਉਣ ਨੂੰ ਪਰਵਾਨ ਕੀਤਾ ਸੀ।

ਆਪਣੇ ਫਾਰਮ ਤੇ ਦੂਰ ਖੜ੍ਹਾ ਗੁਰਮੁਖ ਸਿੰਘ, ਚਿੱਕੜ ਭਰੀ ਗੱਡੀ ਨੂੰ ਗੰਗਾ ਵੱਲ ਜਾਂਦਿਆਂ ਵੇਖ ਰਿਹਾ ਸੀ। ਜਿਓਂ ਹੀ ਗੱਡੀ ਚੋਂ ਬਾਹਰ ਨਿਕਲਦੇ ਆਪਣੇ ਸਤਿਗੁਰੂ ਤੇ ਨਜ਼ਰ ਗਈ ਤਾਂ ਗੁਰਮੁਖ ਸਿੰਘ ਦੂਰੋਂ ਹੀ ਨੰਗੇ ਪੈਰੀਂ ਛਲਾਂਗਾਂ ਮਾਰਦਾ ਵਾਹਣਾਂ ਵਿਚੋਂ, ਚਿੱਕੜ ਭਰੇ ਖੇਤਾਂ ਵਿਚੋਂ, ਚਿਕੜ ਨਾਲ ਲੱਥ ਪੱਥ ਹੋਇਆ ਗੁਰੂ ਚਰਨਾਂ ਨਾਲ ਆ ਲਿਪਟ ਗਿਆ। ਵੈਰਾਗੀ ਹੋਇਆ ਵਾਰ ਵਾਰ ਆਖ ਰਿਹਾ ਸੀ -

ਪਾਤਸ਼ਾਹ ਜੀ : ਆਪ ਨੇ ਬਹੁਤ ਕਿਰਪਾ ਕੀਤੀ। ਕਿਥੇ ਆ ਕੇ ਮੈਨੂੰ ਲੱਭ ਕੇ ਦਰਸ਼ਨ ਦਿੱਤੇ।

ਆਪਣੇ ਸਤਿਗੁਰੂ ਦੇ ਦਰਸ਼ਨ ਕਰਕੇ ਸਿੱਖ ਅਨੰਦ ਵਿਭੋਰ ਅਵਸਥਾ ਦਾ ਸੁਖ ਮਾਣ ਰਿਹਾ ਸੀ। ਸਿੱਖ ਦੀਆਂ ਖੁਸ਼ੀਆਂ ਦੀ ਹੱਦ ਨਾ ਰਹੀ। ਉਸਨੂੰ ਤਾਂ ਜਿਵੇਂ ਕਾਰੂ ਦਾ ਖਜ਼ਾਨਾ ਮਿਲ ਗਿਆ ਹੋਵੇ। ਸ੍ਰੀ ਸਤਿਗੁਰੂ ਜੀ ਦੀ ਅਜਿਹੇ ਪਸਿਤੇ ਥਾਂ ਉਤੇ ਏਨੀ ਮਿਹਨਤ ਨਾਲ ਲੱਭ ਕੇ, ਪਹੁੰਚ ਕੇ ਦਰਸ਼ਨ ਦੇਣ ਦੀ ਕਿਰਪਾ ਦਾ ਧਿਆਨ ਕਰਕੇ ਸਿੱਖ ਦੇ ਨੇਤਰ ਫਰਨ ਫਰਨ ਵਗ ਰਹੇ ਸਨ। ਗੁਰਮੁਖ ਸਿੰਘ ਘੜੀ ਮੁੜੀ ਇੱਕ ਹੀ ਗੱਲ ਕਹਿ ਰਿਹਾ ਸੀ ਬਹੁਤ ਕਿਰਪਾ ਕੀਤੀ ਜੇ, ਮੇਰੇ ਵਾਸਤੇ ਕਿੰਨਾ ਕਸਟ ਜਰਿਆ ਏ। ਬਖਸ਼ ਲਓ ! ਚਰਨਾਂ ਦਾ ਦਾਸ ਬਣਾਈ ਰਖਿਓ।

ਇਸ ਅਵਸਥਾ ਦੀ ਗਹਿਨਤਾ ਅਤੇ ਸੁੱਖ ਨੂੰ ਜਾਂ ਸਿੱਖ ਸਮਝ ਸਕਦਾ ਹੈ ਜਾਂ ਸਤਿਗੁਰੂ ਜਾਂ ਕੋਈ ਪਿਆਰ ਭਰੇ ਹਿਰਦੇ ਵਾਲਾ ਦਰਸ਼ਕ। ਇਕ ਵਾਰ ਤਾਂ ਸਭ ਦੀਆਂ ਅੱਖਾਂ ਨਮ ਹੋ ਗਈਆਂ। ਫਾਰਮ ਤੇ ਪਹੁੰਚ ਹਜ਼ੂਰ ਮੰਜੇ ਤੇ ਸੁਸ਼ੋਭਿਤ ਹੋਏ। ਗੁਰਮੁਖ ਸਿੰਘ ਹੱਥ ਜੋੜੀ ਆਪ ਰਿਹਾ ਸੀ :

Namdhari Elibrary NamdhariElibrary@gmail.com

ਦੀਨਾਬੰਧੂ ਆਪਣੇ ਚਰਨਾਂ ਦੀ ਪ੍ਰੀਤ ਬਖਸ਼ੋ। ਸਿਦਕ ਦਾ ਦਾਨ ਦਿਓ। ਮੇਰੇ ਗੁਨਾਹਾਂ ਵੱਲ ਨਾ ਵੇਖੋ। ਉਸ ਦੀ ਵਾਰ ਵਾਰ ਦੀ ਅਜਿਹੀ ਵੈਰਾਗਮਈ ਅਰਜ਼ ਸੁਣ ਕੇ ਕਿਹੜਾ ਏ ਜਿਹੜਾ ਪਿਘਲਿਆ ਨਹੀਂ। ਹੋਰ ਤੇ ਹੋਰ ਅਤਿ ਧੀਰਜਧਾਰੀ, ਦ੍ਰਿੜਤਾ ਦੇ ਸੁਮੇਰ ਸ੍ਰੀ ਸਤਿਗੁਰੂ ਜੀ ਦੇ ਨੇਤਰਾਂ ਵਿੱਚ ਵੀ ਜਲ ਆ ਗਿਆ।

ਸਿੱਖ ਆਖੇ ਕਿਸੇ ਦਾ ਸਤਿਗੁਰੂ ਹੋਵੇ ਤਾਂ ਹੀ ਇਸ ਤਰ੍ਹਾਂ ਆਣ ਲੱਭੇ ਨਾ। ਮੇਰੇ ਸਤਿਗੁਰੂ ਨੇ ਕਿਹੜੇ ਔਖੇ ਰਾਹ ਛਾਣ ਕੇ ਮੈਨੂੰ ਗਰੀਬ ਨੂੰ ਢੂੰਡ ਕੱਢਿਆ। ਗਰੀਬ ਨਿਵਾਜ ਤਾਂ ਤੈਨੂੰ ਇਸੇ ਲਈ ਤਾਂ ਆਂਹਦੇ ਨੇ।

ਜੁਦਾ ਹੋਣ ਨੂੰ ਕਿਸੇ ਦਾ ਮਨ ਨਹੀਂ ਸੀ ਕਰ ਰਿਹਾ, ਨਾ ਸਿੱਖ ਦਾ, ਨਾ ਸਤਿਗੁਰੂ ਦਾ। ਪਰ ਵਿਦਾ ਹੋਣ ਦਾ ਵਕਤ ਆ ਗਿਆ। ਗੁਰਮੁਖ ਸਿੰਘ ਹੁਰਾਂ ਪ੍ਰਸਾਦ ਤੇ ਮਾਇਆ ਚਰਨਾਂ ਵਿੱਚ ਭੇਟ ਕੀਤੀ। ਪਾਤਸ਼ਾਹ ਜੀ ਨੇ ਬਚਨ ਕੀਤਾ,

"ਗੁਰਮੁਖ ਸਿਹਾਂ ਜਿਵੇਂ ਤੂੰ ਕੱਲਾ ਕਾਰਾ ਇਥੇ ਉਜਾੜ ਵਿਚ ਜੂਝ ਰਿਹਾ ਏਂ, ਮਾਇਆ ਰੱਖ ਇਹ ਤੇਰੀ ਮਦਦ ਕਰੇਗੀ।" ਗੁਰਮੁਖ ਸਿੰਘ ਦੀਆਂ ਅੱਖਾਂ ਫਿਰ ਛਲਕ ਪਈਆਂ, ਦੋਵੇਂ ਚਰਨ ਹੱਥਾਂ 'ਚ ਪਕੜ ਲਏ, ਸਿਰ ਰੱਖ ਕਹਿਣ ਲੱਗਾ,

ਪਾਤਸ਼ਾਹ ! ਮੇਰੀ ਮਦਦ ਅੰਦਰੋਂ ਕਰੋ, ਮਾਇਆ ਤਾਂ ਸਭ ਤੇਰੀ ਹੀ ਹੈ। ਪ੍ਰਵਾਨ ਕਰੋ ਗਰੀਬ ਦੀ ਭੇਟਾ ਜਾਣ ਕੇ।

ਵਾਪਸੀ ਤੇ ਕਾਰ ਵਿਚ ਆਉਂਦਿਆਂ ਪ੍ਰੇਮਾ ਭਗਤੀ ਦੀ ਮਿਸਾਲ ਗੁਰਮੁਖ ਸਿੰਘ ਦੇ ਪਿਆਰ ਦੀਆਂ ਹੀ ਗੱਲਾਂ ਹੋ ਰਹੀਆਂ ਸਨ। ਪਾਤਸ਼ਾਹ ਜੀ ਨੇ ਫੁਰਮਾਇਆ। ਗੁਰਬਾਣੀ ਦੀਆਂ ਤੁਕਾਂ ਰੂਪਮਾਨ ਹੁੰਦੀਆਂ ਹਨ :

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥

ਜਦੋਂ 1978 ਈ: 'ਚ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਏ, ਸ੍ਰ. ਗੁਰਮੁਖ ਸਿੰਘ ਫਾਰਮ ਤੇ ਛੱਪਰਾਂ ਵਿੱਚ ਹੀ ਰਹਿੰਦੇ ਸਨ। ਫੇਰ ਕੁਝ ਵਰ੍ਹਿਆਂ ਬਾਦ 1985 ਈ: 'ਚ ਕਿਰਪਾ ਕੀਤੀ ਤਾਂ ਸਰਦਾਰ ਜੀ ਗੜ੍ਹ ਮੁਕਤੇਸ਼੍ਵਰ ਸ਼ਹਿਰ ਵਿੱਚ ਪੱਕੇ ਮਕਾਨ ਵਿੱਚ ਰਿਹਾਇਸ਼ ਲੈ ਆਂਦੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰਾਗੀ ਜਥੇ ਸਮੇਤ ਚਰਨ ਪਾਏ। ਨਾਮ-ਸਿਮਰਨ ਅਤੇ ਕੀਰਤਨ ਹੋਇਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਲੱਗੀ, ਪ੍ਰਸ਼ਾਦਾ-ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਕੁਰਸੀ ਤੇ ਬਿਰਾਜਮਾਨ ਸਨ, ਸ੍ਰੀ ਚਰਨਾਂ 'ਚ ਸ੍ਰ. ਗੁਰਮੁਖ ਸਿੰਘ ਨਾਲ ਵਿਚਕਾਰਲੇ ਸਪੁੱਤ੍ਰ ਜਸਜੀਤ ਸਿੰਘ ਬੈਠੇ ਸਨ। ਸ੍ਰੀ ਸਤਿਗੁਰੂ ਜੀ ਪੁੱਛਿਆ, "ਗੁਰਮੁਖ ਸਿੰਘ, ਕੁਝ ਉਦਾਸ ਜਿਹਾ ਜਾਪਦਾ ਹੈਂ, ਕੀ ਗਲ ਹੈ ?

Namdhari Elibrary NamdhariElibrary@gmail.com

"ਗ੍ਰੀਬ ਨਿਵਾਜ, ਜਸਜੀਤ ਦੇ ਤਿੰਨ ਗੁੱਡੀਆਂ ਹਨ ਕਿਰਪਾ ਕਰੋ ਪੁਤ੍ਰ ਦੀ ਦਾਤ ਬਖਸ਼ੋ ।" ਸ੍ਰ. ਗੁਰਮੁਖ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਚਰਨ ਫੜਕੇ ਆਪਣੀ ਅੰਤਰ ਵੇਦਨਾ ਪ੍ਰਗਟ ਕੀਤੀ ।

"ਪੂਰਬਾ ਜੀ, ਸਵੇਰੇ ਆਸਾ ਦੀ ਵਾਰ ਦੇ ਭੋਗ ਸਮੇਂ ਅਰਦਾਸ ਕਰ ਦਿਉ, ਜਸਜੀਤ ਦੇ ਘਰ ਪੁਤ੍ਰ ਹੋਵੇ ।" ਸਤਿਗੁਰੂ ਸੱਚੇਪਾਤਸ਼ਾਹ ਜੀ ਨੇ ਹਜੂਰੀ ਸੇਵਕ ਅਤੇ ਅਰਦਾਸੀਏ ਨੂੰ ਆਦੇਸ਼ ਕੀਤਾ ।

"ਗ੍ਰੀਬ ਨਿਵਾਜ, ਹੋਰ ਚੱਕਰਾਂ 'ਚ ਨਾ ਪਾਉ । ਸਿੱਧੀ ਕਿਰਪਾ ਕਰੋ ।"

"ਸੰਤ ਜੀ, ਜਿੱਦ ਨਹੀਂ ਕਰੀਦੀ, ਹੁਕਮ ਹੋ ਗਿਆ ਹੈ, ਕੱਲ੍ਹ ਨੂੰ ਅਰਦਾਸ ਹੋ ਜਾਵੇਗੀ ਕਿਰਪਾ ਤਾਂ ਸੱਚੇਪਾਤਸ਼ਾਹ ਜੀ ਹੀ ਕਰਨੀ ਹੈ ।" ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਜੀ ਪੂਰਬਾ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ।

"ਪੂਰਬਾ ਜੀ, ਇਹ ਮੇਰੀ ਤੇ ਸਤਿਗੁਰਾਂ ਦੀ ਗਲ ਹੈ, ਤੁਸੀਂ ਨਾ ਵਿਚ ਆਉ ।" ਸਰਦਾਰ ਗੁਰਮੁਖ ਸਿੰਘ ਨੇ ਗ੍ਰੀਬ ਨਿਵਾਜ ਦੇ ਚਰਨ ਦੋਵੇਂ ਹੱਥਾਂ ਵਿਚ ਫੜ੍ਹੇ ਹੋਏ ਤੇ ਫੇਰ ਤਰਲਾ ਲੈਂਦਿਆਂ ਅਰਜ਼ ਕੀਤੀ - ਗ੍ਰੀਬ ਨਿਵਾਜ, ਕਿਰਪਾ ਕਰੋ, ਜਸਜੀਤ ਨੂੰ ਭੁਜੰਗੀ ਬਖਸ਼ੋ ।

"ਚੱਲ ਹੋਰ ਦੱਸ ਗੁਰਮੁਖ ਸਿੰਘ, ਤੂੰ ਖੁਸ਼ ਚਾਹੀਦਾ ਹੈ ।" ਗ੍ਰੀਬ ਨਿਵਾਜ ਨੇ 'ਚੱਲ ਹੋਰ ਦੱਸ' ਕਹਿ ਕੇ ਪਹਿਲੀ ਅਰਜ਼ ਤੇ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ । ਇਸ ਤੋਂ ਬਾਦ ਫਾਰਮ ਵੇਚ ਕੇ ਵਾਪਸ ਲੁਧਿਆਣੇ ਆ ਗਏ ।

ਅਰਜ਼ ਕਰਨ ਉਪਰੰਤ ਇਕ ਸਾਲ ਦੇ ਅੰਦਰ-ਅੰਦਰ ਬਖਸ਼ਿਸ਼ ਹੋਈ- ਜਸਜੀਤ ਸਿੰਘ ਦੇ ਗ੍ਰਹਿ ਵਿਖੇ ਪੁਤ੍ਰ ਦਾ ਜਨਮ ਹੋਇਆ । ਸ੍ਰੀ ਸਤਿਗੁਰੂ ਜੀ ਨੇ ਕੋਈ ਆਪਣਾ ਹੀ ਪੁਰਾਣਾ ਸਿੱਖ ਭੇਜਿਆ ਅਤੇ ਨਾਮ ਰੱਖਿਆ-ਜੈ ਸਿੰਘ ।

ਕਾਕਾ ਜੈ ਸਿੰਘ ਜਦੋਂ ਪੰਜ਼ ਕੁ ਸਾਲ ਦਾ ਹੋਇਆ ਤਾਂ ਗ੍ਰੀਬ ਨਿਵਾਜ ਨੇ ਆਪ ਕਿਰਪਾ ਕਰਕੇ ਕਾਕੇ ਨੂੰ ਪੱਗ ਬੰਨ੍ਹਣ ਦੀ ਬਖਸ਼ਿਸ਼ ਕੀਤੀ । 1995-96 ਈ: 'ਚ ਸ੍ਰੀ ਸਤਿਗੁਰੂ ਜੀ ਰਾਮ ਮੰਦਰ ਵਿਚ, ਜਾਂ ਗਰਮੀਆਂ 'ਚ ਰਾਮ ਮੰਦਰ ਦੇ ਬਾਹਰ ਖਰਾਸ ਵਾਲੀ ਜਗ੍ਹਾ 'ਚ ਰਾਤ 12-1 ਵਜੇ ਨਾਮ ਸਿਮਰਨ ਤੋਂ ਆਸਾ ਦੀ ਵਾਰ ਦੇ ਭੋਗ ਤੱਕ ਦਰਸ਼ਨ ਦਿਆ ਕਰਦੇ ਸਨ । ਜਸਜੀਤ ਸਿੰਘ ਆਪਣੇ ਕਾਕੇ ਨੂੰ ਨਾਲ ਲੈ ਕੇ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ 1 ਵਜੇ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਪਹੁੰਚ ਜਾਇਆ ਕਰਦਾ ਸੀ । ਇਕ ਦਿਨ ਸ੍ਰੀ ਸਤਿਗੁਰੂ ਜੀ ਨੇ ਆਸਾ ਦੀ ਵਾਰ ਸਮੇਂ ਕਾਕਾ ਜੈ ਸਿੰਘ ਬਾਰੇ ਲਿਖ ਕੇ ਬਾਕੀ ਪਾਸ ਬੈਠੇ ਸਿੱਖਾਂ ਸੇਵਕਾਂ ਨੂੰ ਦੱਸਿਆ-ਹਸਤ ਲਿਖਤ ਬਚਨ ਹਨ,

"ਇਹ ਬਚਾ ਆਪਣੇ ਪਿਤਾ ਨਾਲ ਲੁਦਿਹਾਣੇ ਤੋਂ ਔਂਦਾ ਹੈ ਮੈਂ 1 ਕੁ ਵਜੇ ਆਇਆਂ, ਏਥੇ ਬੈਠਾ ਸੀ ।"

Namdhari Elibrary NamdhariElibrary@gmail.com

"ਪਿਊ ਦਾਦੇ ਜੇਵੇਹਿਆ ਪੋਤਾ ਪ੍ਰਵਾਨ" - ਆਪਣੇ ਪਿਤਾ-ਪਿਤਾਮਾ ਵਾਂਗ ਪੋਤਰਾ ਵੀ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦਾ ਪਾਤਰ ਗੁਰਸਿੱਖ ਬਣਿਆ । ਜਿਥੇ ਸਤਿਗੁਰੂ ਦੀਆਂ ਖੁਸ਼ੀਆਂ ਹੋਣ ਉਥੇ ਲੋਕ ਤੇ ਪਰਲੋਕ, ਦੋਵੇਂ ਸੁਖੀ-ਸੁਹੇਲੇ ਹੋ ਜਾਂਦੇ ਹਨ । ਕਾਕਾ ਜੈ ਸਿੰਘ ਉਚ ਵਿਦਿਆ ਪ੍ਰਾਪਤ ਕਰਕੇ ਡੈਂਟਿਸਟ (ਦੰਦਾਂ ਦਾ) ਡਾਕਟਰ ਬਣ ਗਿਆ ਹੈ । ਡਾਕਟਰ ਦੀ ਡਿਗਰੀ (ਸਰਟੀਫਿਕੇਟ) ਕਾਕਾ ਜੈ ਸਿੰਘ ਨੇ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕੰਵਲਾਂ ਤੋਂ ਪ੍ਰਾਪਤ ਕੀਤੀ । ਇਹ ਸ਼ੁਭ ਅਵਸਰ ਵੀ ਸ੍ਰ. ਗੁਰਮੁਖ ਸਿੰਘ ਨੂੰ ਪ੍ਰਾਪਤ ਹੋਇਆ ਕਿ ਜਿਹੜਾ ਪੋਤਰਾ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਮੰਗ ਕੇ ਲਿਆ ਸੀ ਉਸ ਨੂੰ ਉਚ ਵਿਦਿਆ ਪ੍ਰਾਪਤ ਕਰਕੇ, ਸਿੱਖੀ ਸਰੂਪ ਵਿਚ ਕਾਇਮ ਰਹਿੰਦਿਆਂ ਡਾਕਟਰ ਬਣਦਾ ਵੀ ਵੇਖ ਲਿਆ ।

ਸ੍ਰ. ਗੁਰਮੁਖ ਸਿੰਘ ਜੀ ਵਕਤ ਦੇ ਪਾਬੰਦ ਅਤੇ ਬਚਨ ਦੇ ਪੱਕੇ ਸਨ, ਨਾ ਫੈਕਟਰੀ 'ਚ ਲੇਟ ਹੋਣਾ, ਨਾ ਹੋਣ ਦੇਣਾ, ਕਿਹਾ ਕਰਦੇ ਸਨ, ਜਿਸਦੀ ਜੁਬਾਨ ਨਹੀਂ ਜੋ ਵਕਤ ਤੇ ਪੂਰਾ ਨਹੀਂ ਉਤਰਦਾ ਉਹ ਵੀ ਕਾਹਦਾ ਇਨਸਾਨ ਹੈ । ਫੈਕਟਰੀ ਵਿਚ ਸਾਰੇ ਵਰਕਰਾਂ ਤੋਂ ਸੱਤ ਘੰਟੇ ਕੰਮ ਕਰਵਾਉਣਾ, ਇਕ ਘੰਟਾ ਨਾਮ-ਬਾਣੀ ਦਾ ਨਿਤਨੇਮ, ਕਹਿਣਾ ਕਿ ਤੁਹਾਨੂੰ ਤਨਖਾਹ ਪੂਰੀ ਦਿਆਂਗਾ ਪਰ ਇਹ ਵੀ ਕੰਮ ਦਾ ਹਿੱਸਾ ਹੀ ਸਮਝੋ । ਇਕ ਸਿੰਘ ਦੀ ਡਿਊਟੀ ਹੁੰਦੀ ਸੀ ਸ਼ਰਦਾਈ ਰਗੜਨ ਦੀ, ਸਾਰੇ ਵਰਕਰਾਂ ਨੂੰ ਛਕਾਉਣੀ ।

ਲੁਧਿਆਣੇ ਵਿਚ ਹੀ ਮਾਨਾਂਵਾਲੇ ਬ੍ਰਹਮਗਿਆਨੀ ਸੰਤ ਸੁੰਦਰ ਸਿੰਘ ਭੂਰੀ ਵਾਲਿਆਂ ਦਾ ਗੁਰਦੁਆਰਾ ਹੈ । ਆਖਰੀ ਵਰ੍ਹੇ ਸੰਤ ਜੀ ਏਥੇ ਹੀ ਰਹੇ । ਇਸ ਗੁਰਦੁਆਰੇ ਦੀ ਸੇਵਾ ਸੰਭਾਲ ਵੀ ਜੜ੍ਹਾਂ ਵਾਲਾ ਪ੍ਰਵਾਰ ਹੀ ਕਰਦਾ ਹੈ । ਸ੍ਰ. ਗੁਰਮੁਖ ਸਿੰਘ ਜੀ ਏਥੇ ਜਾ ਕੇ ਲੰਗਰ ਦੀ ਸੇਵਾ ਕਰਿਆ ਕਰਦੇ ਸਨ । ਅੱਜ-ਕੱਲ ਜਦੋਂ ਆਪ ਪਰਵਾਰਕ ਵਿਹਾਰਾਂ ਵਲੋਂ ਵਿਹਲੇ ਸਨ ਰੋਜਾਨਾ ਦਿਨੇ 10 ਵਜੇ ਤੋਂ 3 ਵਜੇ ਤੱਕ ਏਸੇ ਗੁਰਦੁਆਰੇ ਐਕੂਪ੍ਰੈਸ਼ਰ ਹੌਟ ਮਸਾਜਰ ਬੈਡ ਤੇ ਮਰੀਜਾਂ ਦਾ ਇਲਾਜ ਕਰਿਆ ਕਰਦੇ ਸਨ, ਫਰੀ ਫੀਜ਼ੀਓਥੈਰਪੀ ਹਸਪਤਾਲ ਚਲਾ ਰਹੇ ਸਨ । ਲੋੜਵੰਦ ਗਰੀਬ ਬਿਮਾਰਾਂ ਨੂੰ ਫਰੀ ਦਵਾਈਆਂ ਵੀ ਦੇਂਦੇ । ਇਸ ਤੋਂ ਬਿਨਾਂ ਕਿਸੇ ਗੁਰਸਿੱਖ ਨੂੰ ਮਾਇਕ ਸਹਾਇਤਾ ਦੀ ਲੋੜ ਹੋਵੇ ਤਾਂ ਚੁੱਪ-ਚੁਪੀਤੇ ਹੀ ਮੱਦਦ ਕਰ ਦੇਣੀ, ਹਜ਼ਾਰਾਂ ਵਿੱਚ ਨਹੀਂ ਲੱਖਾਂ, ਕੇਵਲ ਡੰਗ ਨਹੀਂ ਸਾਰਨਾ ਸਗੋਂ ਪੈਰਾਂ ਤੇ ਖੜਿਆਂ ਹੋਣ ਵਿਚ ਸਹਿਯੋਗ ਦੇਣਾ । ਜੇ ਕਿਸੇ ਪ੍ਰਵਾਰ ਵਿੱਚ ਬੇਇਤਫਾਕੀ ਹੋਵੇ, ਆਪ ਜਾ ਕੇ ਸਮਝਾ ਬੁਝਾ ਕੇ ਅਲੱਗ ਹੋਣੋ ਬਚਾਉਣਾ ਅਤੇ ਪ੍ਰਵਾਰਾਂ ਨੂੰ ਟੁੱਟਣੋਂ ਬਚਾਉਣ ਵਿਚ ਇਕ ਸੁਘੜ ਪੰਚਾਇਤੀ ਵਾਲਾ ਆਪ ਦਾ ਰੋਲ ਹੁੰਦਾ ਸੀ । ਕਿਸੇ ਨੂੰ ਗੁਰੂ ਤੋਂ ਪਾਸੇ ਨਹੀਂ ਜਾਣ ਦੇਣਾ ।

ਇਕੋ ਵਿਅਕਤੀ ਵਿੱਚ ਏਨੇ ਗੁਣ ਹੋਣ, ਇਹ ਗੁਰੂ ਦੀ ਅਪਾਰ ਬਖਸ਼ਿਸ਼ ਨਾਲ ਹੀ ਹੋ ਸਕਦਾ ਹੈ ।

Namdhari Elibrary NamdhariElibrary@gmail.com

ਸ੍ਰ. ਗੁਰਮੁਖ ਸਿੰਘ ਜੀ ਦਾ ਛਾਂਟਵਾਂ ਸਰੀਰ, ਦਰਮਿਆਨਾ ਕੱਦ, ਹੰਸੂ-ਹੰਸੂ ਕਰਦਾ ਚਿਹਰਾ, ਮਿਲਣਸਾਰ ਸੁਭਾ, ਸੁਚੱਜੇ ਕਿਰਤੀ, ਸੇਵਾ ਲਈ ਹਮੇਸ਼ਾਂ ਤਤਪਰ, ਵਕਤ ਦੇ ਪਾਬੰਦ, ਬਚਨ ਦੇ ਪੂਰੇ, ਗੁਰੂ ਦੇ ਬਚਨ ਤੋਂ ਸਭ ਕੁਝ ਕੁਰਬਾਨ ਕਰਨ ਵਾਲੇ, ਸ਼ਰਧਾਲੂ ਅਤੇ ਪ੍ਰੇਮੀ ਗੁਰਸਿੱਖ, ਅੰਮ੍ਰਿਤ ਵੇਲੇ ਦੋ-ਤਿੰਨ ਵਜੇ ਦਾ ਇਸ਼ਨਾਨ, ਪੱਕੇ ਨਿਤਨੇਮੀ, ਨਾਮ ਵੀ ਗੁਰਮੁਖ ਅਤੇ ਮਨ-ਬਚ-ਕਰਮ ਦੇ ਵੀ ਗੁਰਮੁਖ - ਅਜੇਹੇ ਗੁਰਮੁਖਾਂ ਬਾਰੇ ਹੀ ਭਾਈ ਗੁਰਦਾਸ ਜੀ ਲਿਖਦੇ ਹਨ-

ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ॥
ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ ॥
ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ ॥
ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ ॥
ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ ॥
ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥

10 ਨਵੰਬਰ, 2013 ਲੁਧਿਆਣਾ ਸ਼ਹੀਦੀ ਸਮਾਰਕ ਵਿਖੇ ਇਕ ਦਿਨਾ ਵਿਦਿਅਕ ਸੰਮੇਲਨ ਦਾ ਮੇਲਾ ਹੋਇਆ। ਇਸ ਅਵਸਰ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪੰਜ ਬਜ਼ੁਰਗ ਗੁਰਸਿਖਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਇਨਾਂ ਵਿੱਚ ਪੰਜਵੇਂ ਸਨ - ਸ੍ਰ. ਗੁਰਮੁਖ ਸਿੰਘ ਜੀ ਜੜ੍ਹਾਂ ਵਾਲੀਏ ਜਿਨ੍ਹਾਂ ਹਾਜ਼ਰਾ ਹਜ਼ੂਰ ਤੋਂ ਆਸ਼ੀਰਵਾਦ ਲਿਆ ਅਤੇ ਤਿਆਰੀ ਕਰ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਜਾਣ ਦੀ।

23 ਨਵੰਬਰ, 2013 ਨੂੰ ਸ੍ਰ. ਗੁਰਮੁਖ ਸਿੰਘ ਜੀ ਨਿੱਤ ਕਰਮ ਦੀ ਤਰ੍ਹਾਂ ਨਿਤਨੇਮ ਕਰਕੇ, ਦੁਪਹਿਰੇ ਸੰਤਾਂ ਭੂਰੀ ਵਾਲਿਆਂ ਦੇ ਗੁਰਦੁਆਰੇ ਬਿਮਾਰਾਂ ਦੀ ਸੇਵਾ ਕਰਕੇ ਸ਼ਾਮ ਨੂੰ ਘਰ-ਪ੍ਰਵਾਰ 'ਚ ਬੈਠ ਕੇ ਪ੍ਰਸ਼ਾਦਾ ਪਾਣੀ ਛਕਿਆ, ਹੱਸਦੇ ਖੇਡਦੇ, ਅਰਾਮ ਕਮਰੇ ਵਿੱਚ ਚਲੇ ਗਏ, ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸ ਕਰਕੇ ਅਰਾਮ ਕਰਨ ਲਈ ਲੇਟ ਗਏ, ਕ਼ੀਬ ਸਵਾ ਕੁ ਨੌਂ ਵਜੇ ਕੁਝ ਬੇਚੈਨੀ ਮਹਿਸੂਸ ਕੀਤੀ - ਅਵਾਜ਼ ਮਾਰੀ, ਪਰਵਾਰ ਦੇ ਜੀਅ ਇਕੱਠੇ ਹੋਏ, ਘੁੱਟਣ-ਨੱਪਣ ਲੱਗੇ। ਜਸਜੀਤ ਸਿੰਘ ਨੇ ਕਿਹਾ, ਪਿਤਾ ਜੀ, ਹਸਪਤਾਲ ਚਲੇ ਚੱਲੀਏ।"

Namdhari Elibrary NamdhariElibrary@gmail.com

"ਨਹੀਂ ਹਸਪਤਾਲ ਨਹੀਂ ਜਾਣਾ ।" ਵਾਰ ਵਾਰ ਕਹਿਣ ਤੇ ਵੀ ਏਸੇ ਬਚਨ ਤੇ ਰਹੇ ਕਿ ਹਸਪਤਾਲ ਨਹੀਂ ਜਾਣਾ । ਫੇਰ ਪੰਜ ਕੁ ਮਿੰਟਾਂ ਬਾਦ ਹੀ ਕਹਿਣ ਲੱਗੇ ਹੁਣ ਸਮਾਂ ਆ ਗਿਆ ਹੈ, ਹੁਣ ਮੈਂ ਚਲੇ ਜਾਣਾ ਹੈ । ਤੇਜ਼-ਤੇਜ਼ ਭਜਨ ਕਰਨ (ਨਾਮ ਦਾ ਉਚਾਰ) ਲੱਗ ਗਏ ਅਤੇ ਦੋ ਕੁ ਮਿੰਟ ਨਾਮ ਜੱਪਕੇ ਸ਼ਾਂਤ ਹੋ ਗਏ । ਸਤਿਗੁਰੂ ਪ੍ਰਤੀ ਪ੍ਰੇਮਾਂ-ਭਗਤੀ, ਸੇਵਾ ਅਤੇ ਸਿਮਰਨ ਆਖਰੀ ਸ੍ਵਾਸਾਂ ਤੱਕ ਨਿਭਾ ਕੇ -

ਗੁਰਮੁਖਿ ਜਨਮੁ ਸਵਾਰਿ ਦਰਗਹੁ ਚਲਿਆ ॥
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ ॥

ਸੇਵਕ ਹਰਪਾਲ ਸਿੰਘ
ਮੋ.: 94176-01321
E-mail : harpalsewak@yahoo.co.in

ਪ੍ਰਕਾਸ਼ਕ : ਸ੍ਰ. ਜਸਜੀਤ ਸਿੰਘ

Namdhari Elibrary NamdhariElibrary@gmail.com

1985 ਈ: ਗੜ੍ਹ ਮੁਕਤੇਸਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸ੍ਰ. ਗੁਰਮੁਖ ਸਿੰਘ ਜੀ ਦੇ ਗ੍ਰਹਿ ਵਿਖੇ



ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਜੀ, ਕਾਕਾ ਜੈ ਸਿੰਘ ਸਪੁਤ੍ਰ ਜਸਜੀਤ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕਰਦੇ ਹੋਏ

Namdhari Elibrary NamdhariElibrary@gmail.com

10 ਨਵੰਬਰ, 2013 ਲੁਧਿਆਣਾ ਸ਼ਹੀਦੀ ਸਮਾਰਕ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰ. ਗੁਰਮੁਖ ਸਿੰਘ ਨੂੰ ਨਿਵਾਜਦੇ ਹੋਏ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕੰਵਲਾਂ ਤੋਂ ਕਾਕਾ ਜੈ ਸਿੰਘ ਬੀ.ਡੀ.ਐਸ ਦੀ ਡਿਗਰੀ ਪ੍ਰਾਪਤ ਕਰਦਾ ਹੋਇਆ - ਨਾਲ ਖੜੇ ਸ੍ਰ. ਗੁਰਮੁਖ ਸਿੰਘ ਅਤੇ ਜਸਜੀਤ ਸਿੰਘ

ਸੰਤ ਗੁਰਮੁੱਖ ਸਿੰਘ ਜੀ

(20 ਨਵੰਬਰ, 1924- 23 ਨਵੰਬਰ, 2013)

ਸੂ. ਗੁਰਮੁਖ ਸਿੰਘ ਜੀ ਦਾ ਛਾਂਟਵਾਂ ਸਰੀਰ, ਦਰਮਿਆਨਾ ਕੱਦ, ਹੰਸੂ-ਹੰਸੂ ਕਰਦਾ ਚਿਹਰਾ, ਮਿਲਣਸਾਰ ਸੁਭਾ, ਸੁਚੱਜੇ ਕਿਰਤੀ, ਸੇਵਾ ਲਈ ਹਮੇਸ਼ਾਂ ਤਤਪਰ, ਵਕਤ ਦੇ ਪਾਬੰਦ, ਬਚਨ ਦੇ ਪੂਰੇ, ਗੁਰੂ ਦੇ ਬਚਨ ਤੋਂ ਸਭ ਕੁਝ ਕੁਰਬਾਨ ਕਰਨ ਵਾਲੇ, ਸ਼ਰਧਾਲੂ ਅਤੇ ਪ੍ਰੇਮੀ ਗੁਰਸਿੱਖ, ਅੰਮ੍ਰਿਤ ਵੇਲੇ ਦੋ-ਤਿੰਨ ਵਜੇ ਦਾ ਇਸ਼ਨਾਨ, ਪੱਕੇ ਨਿਤਨੇਮੀ, ਨਾਮ ਵੀ ਗੁਰਮੁਖ ਅਤੇ ਮਨ-ਬਚ-ਕਰਮ ਦੇ ਵੀ ਗੁਰਮੁਖ - ਅਜੇਹੇ ਗੁਰਮੁਖਾਂ ਬਾਰੇ ਹੀ ਭਾਈ ਗੁਰਦਾਸ ਜੀ ਲਿਖਦੇ ਹਨ-

ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ॥
ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ ॥
ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ ॥
ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ ॥
ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ ॥
ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥